# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੀਖਿਆ ਫਾਰਮ/ਪ੍ਰੀਖਿਆ ਫੀਸ ਚਲਾਨ ਜਨਰੇਟ ਕਰਨ ਸਬੰਧੀ ਹਦਾਇਤਾਂ

1. ਦਸਵੀਂ/ਬਾਰਵੀਂ ਦੇ ਪ੍ਰੀਖਿਆ ਫਾਰਮ ਜਨਰੇਟ ਕਰਨ ਲਈ ਪਹਿਲਾਂ Registration Portal ਵਿੱਚ M1 & T1 ਫਾਰਮ ਅਧੀਨ ਯੋਗ ਪ੍ਰੀਖਿਆਰਥੀਆਂ (ਨੌਵੀਂ ਪਾਸ/ਰੀ-ਅਪੀਅਰ, ਗਿਆਰਵੀਂ ਪਾਸ/ਰੀ-ਅਪੀਅਰ) ਨੂੰ Import ਕਰਕੇ ਪ੍ਰੀਖਿਆਰਥੀ ਦੇ ਵੇਰਵੇ ਭਾਵ ਮੌਜੂਦਾ ਕਲਾਸ ਦੇ ਵੇਰਵੇ, ਵਿਸ਼ੇ, ਫੋਟੋਗਰਾਫ ਅਤੇ ਹਸਤਾਖਰ ਆਦਿ ਅਪਡੇਟ ਕੀਤੇ ਜਾਣ।

    M1 & T1 ਫਾਰਮ ਅਧੀਨ ਪ੍ਰੀਖਿਆਰਥੀਆਂ ਦੇ ਵੇਰਵੇ ਅਪਡੇਟ ਕਰਨ ਅਤੇ ਚੈੱਕ ਕਰਨ ਉਪਰੰਤ Registration Portal ਵਿੱਚ ਫਾਈਨਲ ਸਬਮਿਸ਼ਨ ਕੀਤਾ ਜਾਵੇ। ਫਾਈਨਲ ਸਬਮਿਸ਼ਨ ਉਪਰੰਤ ਇਹ ਪ੍ਰੀਖਿਆਰਥੀ ਆਟੋਮੈਟਿਕ Examination Portal ਵਿੱਚ ਚਲੇ ਜਾਣਗੇ।

ਨੋਟ : M1 & T1 ਫਾਰਮ ਵਿੱਚ ਮਲਟੀਪਲ ਲਾਟ (Multiple Lot) ਵਿੱਚ ਐਂਟਰੀ/ਫਾਈਨਲ ਸਬਮਿਸ਼ਨ ਕੀਤੀ ਜਾ ਸਕਦੀ ਹੈ ਭਾਵ ਜੇਕਰ ਕੋਈ ਪ੍ਰੀਖਿਆਰਥੀ ਕਿਸੇ ਕਾਰਨ ਕਰਕੇ ਇੰਮਪੋਰਟ ਨਹੀਂ ਹੋ ਰਿਹਾ, ਤਾਂ ਉਸ ਕਰਕੇ ਬਾਕੀ ਪ੍ਰੀਖਿਆਰਥੀਆਂ ਦੀ ਫਾਈਨਲ ਸਬਮਿਸ਼ਨ ਨਾ ਰੋਕੀ ਜਾਵੇ, ਉਸ ਪ੍ਰੀਖਿਆਰਥੀ ਨੂੰ ਅਗਲੇ ਲਾਟ ਵਿੱਚ ਭੇਜਿਆ ਜਾ ਸਕਦਾ ਹੈ। ਫਾਈਨਲ ਸਬਮਿਸ਼ਨ ਉਪਰੰਤ ਲਾਟ ਵਾਈਜ਼ ਪ੍ਰੀਖਿਆਰਥੀ ਆਟੋਮੈਟਿਕ Examination Portal ਵਿੱਚ ਜਾਈ ਜਾਣਗੇ।

2. Registration Portal ਵਿੱਚ M1 & T1 ਫਾਰਮ ਦੀ ਫਾਈਨਲ ਸਬਮਿਸ਼ਨ ਉਪਰੰਤ ਪ੍ਰੀਖਿਆ ਫਾਰਮ/ ਪ੍ਰੀਖਿਆ ਫੀਸ ਚਲਾਨ ਜਨਰੇਟ ਕਰਨ ਲਈ Examination Portal ਤੇ ਕਲਿੱਕ ਕੀਤਾ ਜਾਵੇ। ਇਸ ਪੋਰਟਲ ਵਿੱਚ ਸ਼੍ਰੇਣੀ ਵਾਈਜ਼ ਲਿੰਕ ਦਿੱਤੇ ਗਏ ਹਨ, ਸਬੰਧਤ ਸ਼੍ਰੇਣੀ ਦੇ ਲਿੰਕ ਤੇ ਕਲਿੱਕ ਕਰਨ ਉਪਰੰਤ ਰਜਿਸਟ੍ਰੇਸ਼ਨ ਪੋਰਟਲ ਰਾਹੀਂ ਫਾਈਨਲ ਸਬਮਿਟ ਕੀਤੇ ਹੋਏ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ। ਇਸ ਸੂਚੀ ਵਿੱਚ ਹਰੇਕ ਪ੍ਰੀਖਿਆਰਥੀ ਦੇ ਸਾਹਮਣੇ ਸਲੈਕਟ ਕਰਨ ਲਈ ਚੈੱਕ ਬਾਕਸ (☐) ਦਿਖੇਗਾ, ਇਸ ਚੈੱਕ ਬਾਕਸ ਤੇ ਕਲਿੱਕ ਕਰਕੇ ਜਿੰਨ੍ਹਾਂ ਪ੍ਰੀਖਿਆਰਥੀਆਂ ਦਾ ਪ੍ਰੀਖਿਆ ਫਾਰਮ/ਫੀਸ ਚਲਾਨ ਜਨਰੇਟ ਕਰਨਾਂ ਹੈ, ਨੂੰ ਸਲੈਕਟ ਕੀਤਾ ਜਾਵੇ ਅਤੇ ਉੱਪਰ ਦਿੱਤੇ ਬਟਨ Add students to Generate Examination Form ਤੇ ਕਲਿੱਕ ਕੀਤਾ ਜਾਵੇ। ਇਸ ਬਟਨ ਤੇ ਕਲਿੱਕ ਕਰਨ ਉਪਰੰਤ ਇਹ ਪ੍ਰੀਖਿਆਰਥੀ View Selected Student List ਵਿੱਚ ਚਲੇ ਜਾਣਗੇ।

    ਇੱਥੇ ਦੱਸਿਆ ਜਾਂਦਾ ਹੈ ਕਿ ਸਰਕਾਰੀ/ਏਡਿਡ ਸਕੂਲ ਦਸਵੀਂ/ਬਾਰਵੀਂ ਵਿੱਚ ਜਿੰਨ੍ਹਾਂ ਪ੍ਰੀਖਿਆਰਥੀਆਂ ਦੀ Fee Exemption ਲੈਣਾ ਚਾਹੁੰਦੇ ਹਨ, ਤਾਂ ਪ੍ਰੀਖਿਆਰਥੀ ਨੂੰ ਸਲੈਕਟ ਕਰਨ ਸਮੇਂ ਨਾਲ ਵਾਲੇ ਕਾਲਮ Fee Exemption ਵਿੱਚ ਲੱਗੇ ਚੈੱਕ ਬਾਕਸ ਤੇ ਕਲਿੱਕ ਕਰਕੇ ਅਤੇ ਦਸਵੀਂ ਵਿੱਚ ਈ.ਪੰਜਾਬ ਆਈ.ਡੀ./ਬਾਰਵੀਂ ਡਾ.ਅੰਬੇਦਕਰ ਅਸ਼ੀਰਵਾਦ ਪੋਰਟਲ ਆਈ.ਡੀ. ਭਰਨਗੇ ਅਤੇ ਉਸ ਉਪਰੰਤ Add students to Generate Examination Form ਬਟਨ ਤੇ ਕਲਿੱਕ ਕੀਤਾ ਜਾਵੇ ਤਾਂ ਹੀ ਫੀਸ ਵਿੱਚੋਂ ਛੋਟ ਮਿਲੇਗੀ।

    ਪ੍ਰੀਖਿਆਰਥੀਆਂ ਨੂੰ Add ਕਰਨ ਉਪਰੰਤ View Selected Student List ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਪ੍ਰੀਖਿਆਰਥੀਆਂ ਨੂੰ ਚੈੱਕ ਕਰਨ ਉਪਰੰਤ ਕੈਲਕੂਲੇਟ ਫੀਸ ਤੇ ਕਲਿੱਕ ਕੀਤਾ ਜਾਵੇ। ਫੀਸ ਕੈਲਕੂਲੇਟ ਕਰਨ ਤੋਂ ਪਹਿਲਾਂ ਇਸ ਸੂਚੀ ਵਿੱਚੋਂ ਜੇਕਰ ਕਿਸੇ ਪ੍ਰੀਖਿਆਰਥੀ ਨੂੰ ਹਟਾਣਾ ਹੈ ਤਾਂ ਡੀਲੀਟ ਕਾਲਮ ਵਿੱਚ ਚੈੱਕ ਬਾਕਸ ਸਲੈਕਟ ਕਰਕੇ Remove Student from Selected List ਬਟਨ ਤੇ ਕਲਿੱਕ ਕਰਕੇ ਹਟਾਇਆ ਜਾ ਸਕਦਾ ਹੈ।

    ਫੀਸ ਕੈਲਕੂਲੇਟ ਕਰਨ ਉਪਰੰਤ ਸਲੈਕਟਡ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਫੀਸ (ਸਮੇਤ ਪ੍ਰੈਕਟੀਕਲ, ਵਾਧੂ ਵਿਸ਼ਾ ਆਦਿ) ਕੈਲਕੂਲੇਟ ਹੋ ਕੇ ਸਕਰੀਨ ਤੇ ਦਿੱਖ ਜਾਵੇਗੀ। ਜੇਕਰ ਪ੍ਰੀਖਿਆ ਫੀਸ ਸਹੀ ਕੈਲਕੂਲੇਟ ਹੋ ਰਹੀ ਹੈ ਤਾਂ Final Submission ਬਟਨ ਤੇ ਕਲਿੱਕ ਕੀਤਾ ਜਾਵੇ ਨਹੀਂ ਤਾਂ ਵਾਪਸ ਆਕੇ ਸਲੈਕਟ ਸੂਚੀ ਨੂੰ

ਚੈੱਕ ਕੀਤਾ ਜਾਵੇ। ਫਾਈਨਲ ਸਬਮਿਸ਼ਨ ਤੇ ਕਲਿੱਕ ਕਰਕੇ ਬੈੱਕ ਸਲੈਕਟ ਕਰਕੇ ਉਸਦਾ ਚਲਾਨ ਬਣਾ ਲਿਆ ਜਾਵੇ।

Examination Portal ਵਿੱਚ Final Submission ਕਰਨ ਉਪਰੰਤ ਇਹਨਾਂ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਫੀਸ ਦਾ ਚਲਾਨ ਜਨਰੇਟ ਹੋ ਜਾਵੇਗਾ ਅਤੇ ਇਹ ਪ੍ਰੀਖਿਆਰਥੀ ਸਲਕੈਟਡ ਸੂਚੀ ਅਤੇ ਪੈਡਿੰਗ ਸੂਚੀ ਵਿੱਚੋਂ ਦਿਖਣੇ ਬੰਦ ਹੋ ਜਾਣਗੇ।

ਜਿੰਨ੍ਹਾਂ ਪ੍ਰੀਖਿਆਰਥੀਆਂ ਦਾ ਚਲਾਨ ਜਨਰੇਟ ਹੋ ਜਾਵੇਗਾ, ਉਹਨਾਂ ਦਾ ਚਲਾਨ ਅਤੇ ਪ੍ਰੀਖਿਆਰਥੀਆਂ ਦੀ ਸੂਚੀ ਦੇਖਣ ਲਈ Download Examination Form ਲਿੰਕ ਤੇ ਕਲਿੱਕ ਕੀਤਾ ਜਾਵੇ। ਸਕਰੀਨ ਵਿੱਚ ਚਲਾਨ ਦੀ ਸੂਚੀ ਦਿਖੇਗੀ ਅਤੇ ਹਰ ਇੱਕ ਚਲਾਨ ਦੇ ਸਾਹਮਣੇ ਉਸ ਦਾ ਸਟੇਟਸ ਦਿਖੇਗਾ। ਚਲਾਨ ਦੇ ਸਾਹਮਣੇ ਲੱਗੇ ਬਟਨ Complete Details ਤੇ ਕਲਿੱਕ ਕਰਕੇ ਉਸ ਚਲਾਨ ਅਧੀਨ ਆਉਂਦੇ ਪ੍ਰੀਖਿਆਰਥੀਆਂ ਦੀ ਸੂਚੀ ਦੇਖੀ ਜਾ ਸਕਦੀ ਹੈ।

ਚਲਾਨ ਜਨਰੇਟ ਹੋਣ ਉਪਰੰਤ 24 ਘੰਟੇ ਬਾਅਦ ਚਲਾਨ ਰਾਹੀਂ ਸਬੰਧਤ ਬੈਂਕ ਵਿੱਚ ਪ੍ਰੀਖਿਆ ਫੀਸ ਜਮ੍ਹਾਂ ਕਰਵਾਈ ਜਾਵੇ। ਬੈਂਕ ਦੁਆਰਾ ਫੀਸ ਵੈਰੀਫਾਈ ਹੋਣ ਉਪਰੰਤ ਚਲਾਨ ਦੇ ਸਾਹਮਣੇ Print Exam Form ਲਿੰਕ ਤੇ ਕਲਿੱਕ ਕਰਕੇ ਪ੍ਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਦੇ ਹਨ। ਚਲਾਨ ਤੇ ਦਰਸਾਈ ਵੈਲਿਡ ਮਿਤੀ (Challan Valid Date) ਤੱਕ ਫੀਸ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ, ਜੇਕਰ ਕਿਸੇ ਕਾਰਨ ਫੀਸ ਜਮ੍ਹਾਂ ਕਰਵਾਉਣ ਤੋਂ ਰਹਿ ਜਾਂਦੀ ਹੈ ਤਾਂ Regenerate Challan ਬਟਨ ਤੇ ਕਲਿੱਕ ਕਰਕੇ ਬਣਦੀ ਫੀਸ+ਲੇਟ ਫੀਸ (ਜੇਕਰ ਹੋਵੇ) ਨਾਲ ਨਵਾਂ ਚਲਾਨ ਬਣਾਇਆ ਜਾ ਸਕਦਾ ਹੈ।

ਜੇਕਰ ਚਲਾਨ ਤੇ ਦਰਸਾਈ ਵੈਲਿਡ ਮਿਤੀ (Challan Valid Date) ਤੱਕ ਫੀਸ ਬੈਂਕ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ ਤਾਂ Regenerate Challan ਬਟਨ ਤੇ ਕਲਿੱਕ ਨਾਂ ਕੀਤਾ ਜਾਵੇ ਅਤੇ ਕੁਝ ਦਿਨ ਇੰਤਜਾਰ ਉਪਰੰਤ ਵੈੱਬ ਸਾਈਟ ਤੇ ਟੋਲ ਫਰੀ ਨੰਬਰਾਂ ਅਤੇ ਈ.ਮੇਲ ਰਾਹੀਂ ਸੰਪਰਕ ਕੀਤਾ ਜਾਵੇ।

ਨੋਟ : Examination Portal ਵਿੱਚ ਵੀ ਮਲਟੀਪਲ ਲਾਟ (Multiple Lot) ਵਿੱਚ ਪ੍ਰੀਖਿਆ ਫਾਰਮ/ਪ੍ਰੀਖਿਆ ਫੀਸ ਚਲਾਨ ਜਨਰੇਟ ਕੀਤੇ ਜਾ ਸਕਦੇ ਹਨ ਭਾਵ ਜੇਕਰ ਕਿਸੇ ਪ੍ਰੀਖਿਆਰਥੀ ਦਾ ਪ੍ਰੀਖਿਆ ਫਾਰਮ ਕਿਸੇ ਕਾਰਨ ਕਰਕੇ ਜਨਰੇਟ ਨਹੀਂ ਕਰਨਾਂ ਜਾਂ ਕੋਈ ਪ੍ਰੀਖਿਆਰਥੀ Import ਨਹੀਂ ਹੋਇਆ, ਤਾਂ ਉਸ ਕਰਕੇ ਬਾਕੀ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਕਰਨ ਤੋਂ ਰੋਕੇ ਨਾਂ ਜਾਣ, ਉਸ ਪ੍ਰੀਖਿਆਰਥੀ ਨੂੰ ਅਗਲੇ ਲਾਟ ਵਿੱਚ ਵੀ ਭੇਜਿਆ ਜਾ ਸਕਦਾ ਹੈ। ਲਾਟ ਵਾਈਜ਼ ਵੱਖਰੇ ਚਲਾਨ ਬਣ ਜਾਣਗੇ।

**ਨੋਟ : ਦਫਤਰ ਨਾਲ ਸੰਪਰਕ ਕਰਨ ਸਮੇਂ ਆਪਣੇ ਬਿਨੈਪੱਤਰ ਉੱਪਰ ਸਕੂਲ ਦਾ ਕੋਡ ਜਰੂਰ ਲਿਖਿਆ ਜਾਵੇ ਅਤੇ ਪ੍ਰੀਖਿਆਰਥੀ ਦੇ ਵੇਰਵਿਆਂ ਦੇ ਨਾਲ ਉਸਦਾ ਰਜਿਸਟ੍ਰੇਸ਼ਨ ਨੰਬਰ ਵੀ ਲਾਜ਼ਮੀ ਲਿਖਿਆ ਜਾਵੇ। ਨੌਵੀਂ/ਗਿਆਰਵੀਂ ਦਾ ਨਤੀਜ਼ਾ ਅਪਡੇਟ ਕਰਵਾਉਣ ਲਈ ਸਕੂਲ ਕੋਡ, ਪ੍ਰੀਖਿਆਰਥੀ ਦੇ ਵੇਰਵੇ, ਸ਼੍ਰੇਣੀ, ਰਜਿ. ਨੰ. ਅਤੇ ਪ੍ਰਾਪਤ ਅੰਕ/ਨਤੀਜ਼ਾ ਜਰੂਰ ਲਿਖਿਆ ਜਾਵੇ।**